ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ।
ਐਟ ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ।

ਵੱਲ

M/s TDI Infratech Ltd.
SCO. 51-52, Sector 118, T.D.I. City,
Mohali.

ਯਾਦ ਪੱਤਰ ਨੰ: 2224-ਸੀਟੀਪੀ(ਪਬ)/ MPR-13
ਮਿਤੀ: 29-05-2015.

ਵਿਸ਼ਾ: **Approval of Revised Layout Plan of Mega Project situated at Sector 74-A,92,116,117,118 & 119, Mohali- M/s TDI Infratech Ltd.**

ਹਵਾਲਾ: ਆਪ ਦਾ ਬਿਨੈ ਪੱਤਰ ਮਿਤੀ 26.5.2015

2. ਉਪਰੋਕਤ ਵਿਸ਼ੇ ਸਬੰਧੀ ਆਪ ਵੱਲੋਂ ਆਪ ਦੇ ਸੈਕਟਰ 74-A,92,116,117,118 & 119 ਐਸ.ਏ.ਐਸ. ਨਗਰ ਵਿੱਚ ਪੈਂਦੇ ਗਰੌਸ ਏਰੀਏ 254.404 ਏਕੜ ਅਤੇ ਨੈਟ ਪਲੈਨ ਏਰੀਆ 243.415 ਏਕੜ ਰਕਬੇ ਦਾ ਪੇਸ਼ ਕੀਤਾ ਰਿਵਾਈਜ਼ਡ ਲੇ-ਆਊਟ ਪਲੈਨ ਡਰਾਇੰਗ ਨੰ: DC/T.D.I/M.P-I/R-5, dated 04.08.2014 ਨੂੰ ਮੈਗਾ ਪ੍ਰੋਜੈਕਟ ਲੇ-ਆਊਟ ਪਲੈਨ ਅਪਰੂਵਲ ਕਮੇਟੀ ਦੀ ਮਿਤੀ 23.07.2014 ਨੂੰ ਹੋਈ ਮੀਟਿੰਗ ਵਿੱਚ ਵਿਚਾਰਿਆ ਗਿਆ ਸੀ। ਉਕਤ ਰਿਵਾਈਜ਼ਡ ਲੇ-ਆਊਟ ਪਲੈਨ ਨੂੰ ਮੀਟਿੰਗ ਵਿੱਚ ਤਕਨੀਕੀ ਪੱਖੋਂ ਪ੍ਰਵਾਨ ਕੀਤਾ ਗਿਆ ਸੀ। ਉਪਰੰਤ ਗਮਾਡਾ ਵੱਲੋਂ ਉਹਨਾਂ ਦੇ ਪੱਤਰ ਨੰ: ਗਮਾਡਾ/ ਡੀਟੀਪੀ/ 2015/1516, ਮਿਤੀ 27.05.2015 ਰਾਹੀਂ ਬਣਦੇ ਚਾਰਜਿਜ਼ ਜਮ੍ਹਾਂ ਕਰਾਉਣ ਸਬੰਧੀ ਐਨ.ਡੀ.ਸੀ. ਜਾਰੀ ਕੀਤਾ ਗਿਆ ਹੈ ਜਿਸ ਦੇ ਸਨਮੁੱਖ ਰਿਵਾਈਜ਼ਡ ਲੇ-ਆਊਟ ਪਲੈਨ ਦੀ ਤਕਨੀਕੀ ਪ੍ਰਵਾਨਗੀ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤੀ ਜਾਂਦੀ ਹੈ :-

1) ਆਪ ਸੀ.ਐਲ.ਯੂ. ਦੀ ਪ੍ਰਵਾਨਗੀ ਸਮੇਂ ਪਹਿਲਾਂ ਪ੍ਰਵਾਨਿਤ ਲੇ ਆਊਟ ਪਲੈਨ ਦੀ ਪ੍ਰਵਾਨਗੀ ਪੱਤਰ ਵਿਚ ਲਗਾਈਆਂ ਗਈਆਂ ਸ਼ਰਤਾਂ ਦੀ ਪਾਲਣਾ ਕਰਨ ਦੇ ਪਾਬੰਦ ਹੋਵੋਗੇ।
2) ਪ੍ਰੋਜੈਕਟ ਏਰੀਏ ਵਿੱਚ ਰੇਨ ਵਾਟਰ ਹਾਰਵੈਸਟਿੰਗ ਅਤੇ ਸੋਲਰ ਵਾਟਰ ਹੀਟਿੰਗ ਸਿਸਟਮ ਦਾ ਪ੍ਰਬੰਧ ਨਿਯਮਾਂ ਅਨੁਸਾਰ ਕਰਨ ਦੇ ਪਾਬੰਦ ਹੋਵੋਗੇ।
3) ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਲੋੜੀਂਦਾ ਐਨ.ਓ.ਸੀ. ਪ੍ਰਾਪਤ ਕਰਕੇ ਵਿਕਾਸ ਕਾਰਜ ਕਰੋਗੇ।
4) ਵਿਸ਼ੇ ਅਧੀਨ ਪ੍ਰੋਜੈਕਟ ਦੇ ਵਿਕਾਸ ਕਾਰਜ/ ਸੜਕਾਂ/ ਯੂਟੀਲਟੀਜ਼ ਸਬੰਧੀ ਲੋੜੀਂਦੀ ਪ੍ਰਵਾਨਗੀ ਸਬੰਧਤ ਵਿਕਾਸ ਅਥਾਰਟੀ ਪਾਸੋ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ।
5) ਮੌਕੇ 'ਤੇ ਰਿਵਾਈਜ਼ਡ ਲੇ-ਆਊਟ- ਪਲੈਨ ਦੀ ਡਿਮਾਰਕੇਸ਼ਨ ਸਮੇਂ ਜੇਕਰ ਮਾਸਟਰ ਪਲੈਨ/ ਜ਼ੋਨਲ ਪਲੈਨ ਮੋਹਾਲੀ ਦੀਆਂ ਤਜਵੀਜ਼ਾਂ (ਮੁੱਖ ਤੌਰ ਤੇ ਸੜਕਾਂ/ ਵਾਟਰ ਬੌਡੀ ਆਦਿ) ਅਨੁਸਾਰ ਕੋਈ ਤਬਦੀਲੀ ਆਉਦੀ ਹੈ, ਤਾਂ ਆਪ ਵੱਲੋਂ ਮਾਸਟਰ ਪਲੈਨ ਦੀਆਂ ਤਜਵੀਜ਼ਾਂ ਨੂੰ ਜਿਉ ਦਾ ਤਿਉਂ ਰੱਖਣ ਲਈ ਰਿਵਾਈਜ਼ਡ ਲੇ-ਆਊਟ-ਪਲੈਨ ਦੀ ਪ੍ਰਵਾਨਗੀ ਸਮਰੱਥ ਅਧਿਕਾਰੀ/ ਇਸ ਵਿਭਾਗ ਪਾਸੋਂ ਤੁਰੰਤ ਪ੍ਰਾਪਤ ਕੀਤੀ ਜਾਵੇਗੀ।
6) ਜੇਕਰ ਲੇ ਆਊਟ ਪਲੈਨ ਵਿੱਚ ਕੋਈ ਤਬਦੀਲੀ ਜਾਂ ਨਿਸ਼ਾਨਦੇਹੀ ਉਪਰੰਤ ਕੋਈ ਤਬਦੀਲੀ ਆਉਂਦੀ ਹੈ ਤਾਂ ਉਸ ਅਨੁਸਾਰ ਜੇਕਰ ਜ਼ਰੂਰਤ ਹੋਵੇ ਤਾਂ ਰਿਵਾਈਜ਼ਡ ਲੇ-ਆਊਟ ਪਲੈਨ ਦੀ ਰਿਵਾਈਜ਼ਡ ਪ੍ਰਵਾਨਗੀ ਸਮਰੱਥ ਅਧਿਕਾਰੀ/ਇਸ ਵਿਭਾਗ ਵੱਲੋ ਤੁਰੰਤ ਪ੍ਰਾਪਤ ਕੀਤੀ ਜਾਵੇ।
7) ਜੇਕਰ ਆਪ ਵੱਲ ਕਿਸੇ ਕਿਸਮ ਦੇ ਕੋਈ ਬਣਦੇ ਚਾਰਜਿਜ ਸਬੰਧੀ ਬਕਾਇਆ ਜਾਂ ਸਰਕਾਰ ਵੱਲੋ ਕੋਈ ਹੋਰ ਚਾਰਜਿਜ ਲੈਣੇ ਯੋਗ ਹੋਣਗੇ ਤਾਂ ਉਹਨਾਂ ਦੀ ਅਦਾਇਗੀ ਕਰਨ ਦੇ ਆਪ ਪਾਬੰਦ ਹੋਵੋਗੇ।
8) ਆਪ ਵਿਸ਼ੇ ਅਧੀਨ ਪ੍ਰੋਜੈਕਟ ਦੀ ਪਾਪਰਾ ਐਕਟ,1995 ਦੀ ਧਾਰਾ 44 ਅਧੀਨ ਛੋਟ ਪ੍ਰਾਪਤ ਕਰਨ ਉਪਰੰਤ ਹੀ ਸਾਈਟ ਤੇ ਵਿਕਾਸ ਦਾ ਕੰਮ ਜਾਂ ਸਾਈਟ ਵਿੱਚ ਡਵੈਲਿੰਗ ਯੂਨਿਟਾਂ ਦੀ ਵਿਕਰੀ ਜਾਂ ਵਿਗਿਆਪਨ ਆਦਿ ਪਬਲਿਸ਼ ਕਰੋਗੇ।
9) ਜ਼ੋ ਰਕਬਾ ਰੈਵੀਨਿਯੂ ਰਸਤਿਆਂ/ ਏਰੀਆ ਸਰਕਾਰ ਵੱਲੋਂ ਭੋਂ ਪ੍ਰਾਪਤੀ ਅਧੀਨ ਐਕੂਆਇਰ ਕੀਤੇ ਜਾਣ ਸਬੰਧੀ ਵਿਖਾਇਆ ਗਿਆ ਹੈ, ਉਸ ਦਾ ਵਿਕਾਸ/ ਸੇਲ ਭੋਂ ਪ੍ਰਾਪਤੀ ਕਰਨ ਉਪਰੰਤ ਅਤੇ ਉਸ ਦੀ ਭੋਂ ਵਰਤੋਂ ਤਬਦੀਲੀ/ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਹੀ ਕਰਨ ਦੇ ਪਾਬੰਦ ਹੋਵੋਗੇ।
10) ਆਪ ਪ੍ਰੋਜੈਕਟ ਏਰੀਏ ਵਿੱਚ ਪੈਂਦੇ ਰੈਵੀਨਿਯੂ ਰਸਤਿਆਂ ਨੂੰ ਬਿਨਾਂ ਰੋਕ ਟੋਕ ਤੋਂ ਬਰਕਰਾਰ ਰੱਖਣ ਦੇ ਪਾਬੰਦ ਹੋਵਗੇ।

11) ਪ੍ਰੋਜੈਕਟ ਏਰੀਏ ਵਿੱਚ ਪੈਂਦੀਆਂ ਜਨ ਸਹੂਲਤਾਂ ਦੀ ਉਸਾਰੀ/ਵਿਕਾਸ ਸਰਕਾਰ ਦੀ ਨੀਤੀ/ਐਗਰੀਮੈਂਟ ਅਨੁਸਾਰ ਕਰਨ ਦੇ ਪਾਬੰਦ ਹੋਵੋਗੇ।

12) ਆਪ ਵੱਲੋਂ ਨੋਟੀਫਿਕੇਸ਼ਨ ਮਿਤੀ 14.9.06 ਜ਼ੋ ਭਾਰਤ ਸਰਕਾਰ (ਮਨਿਸਟਰੀ ਆਫ ਇੰਨਵਾਇਰਨਮੈਂਟ ਐਂਡ ਫੋਰੈਸਟ) ਵੱਲੋਂ ਜਾਰੀ ਹੈ, ਦੀਆਂ ਮਿਥਿਆਵਾਂ ਦੀ ਪੂਰਤੀ ਕਰਨ ਸਬੰਧੀ ਕੰਪੀਟੈਂਟ ਅਥਾਰਟੀ ਤੋਂ ਐਨ.ਓ.ਸੀ. ਪ੍ਰਾਪਤ ਕੀਤਾ ਜਾਵੇਗਾ।

13) ਪ੍ਰੋਜੈਕਟ ਦੇ ਰਕਬੇ ਵਿੱਚ ਬਿਜਲੀ ਆਦਿ ਸਬੰਧੀ ਕਾਰਜ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ/ ਸਬੰਧਤ ਅਥਾਰਟੀ ਦੀ ਪ੍ਰਵਾਨਗੀ ਅਨੁਸਾਰ ਕੀਤੇ ਜਾਣਗੇ।

14) ਪ੍ਰੋਜੈਕਟ ਏਰੀਏ ਵਿੱਚ ਕਿਸੇ ਵੀ ਬਿਲਡਿੰਗ ਦੀ ਉਸਾਰੀ ਸਮੱਰਥ ਅਧਿਕਾਰੀ ਤੋਂ ਬਿਲਡਿੰਗ ਪਲੈਨ ਪਾਸ ਕਰਵਾਉਣ ਉਪਰੰਤ ਹੀ ਕੀਤੀ ਜਾਵੇਗੀ।

15) ਪ੍ਰੋਜੈਕਟ ਵਿੱਚ ਕਿਸੇ ਕਿਸਮ ਦੀ ਉਸਾਰੀ ਕਰਨ ਤੋਂ ਪਹਿਲਾਂ ਜੇਕਰ ਵਣ ਵਿਭਾਗ ਤੋਂ ਐਨ.ਓ.ਸੀ. ਦੀ ਜ਼ਰੂਰਤ ਹੋਵੇ ਤਾਂ ਆਪ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ।

16) ਲੇ-ਆਊਟ ਪਲੈਨ ਵਿੱਚ ਮਲਕੀਤੀ ਹੇਠ ਲਏ ਗਏ ਰਕਬੇ ਦੇ ਸਬੰਧ ਵਿੱਚ ਜੇਕਰ ਕਿਸੇ ਕਿਸਮ ਦੀ ਕਾਨੂੰਨੀ ਅੜਚਣ ਆਉਦੀ ਹੈ ਤਾਂ ਉਸ ਦੀ ਜਿੰਮੇਵਾਰੀ ਆਪ ਦੀ ਹੋਵੇਗੀ ।

17) ਵਿਸ਼ੇ ਅਧੀਨ ਪ੍ਰੋਜੈਕਟ ਦੇ ਵਿਕਾਸ ਕਾਰਜ/ ਸੜਕਾਂ ਦੇ ਲੈਵਲ ਵਾਟਰ ਸਪਲਾਈ / ਸੀਵਰੇਜ਼ ਲਾਈਨਾਂ ਦੇ ਸਾਈਜ਼ ਅਤੇ ਡੈਪਥ ਆਦਿ ਬਾਰੇ ਲੋੜੀਂਦੀ ਪ੍ਰਵਾਨਗੀ ਸਬੰਧਤ ਵਿਕਾਸ ਅਥਾਰਟੀ ਤੋਂ ਪ੍ਰਾਪਤ ਕਰੋਗੇ।

18) ਆਪ ਆਪਣੇ ਪ੍ਰੋਜੈਕਟ ਦੇ ਸਰਵਿਸ ਪਲੈਨ ਗਮਾਡਾ ਦੇ ਸਮਰੱਥ ਅਧਿਕਾਰੀ ਪਾਸੋਂ ਪ੍ਰਵਾਨ ਕਰਵਾਉਣ ਦੇ ਪਾਬੰਦ ਹੋਵੋਗੇ।

ਉਕਤ ਦਰਸਾਏ ਅਨੁਸਾਰ ਰੀਵਾਈਜ਼ਡ ਲੇ-ਆਊਟ ਪਲੈਨ Drawing No. DC/T.D.I/M.P-I/R-5, dated 04.08.2014 ਦੀ ਇੱਕ ਕਾਪੀ ਆਪ ਜੀ ਨੂੰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।

ਨੱਥੀ/ ਉਪਰੋਕਤ ਅਨੁਸਾਰ।

ਮੁੱਖ ਨਗਰ ਯੋਜਨਾਕਾਰ,
ਪੰਜਾਬ।

ਪਿੱਠ ਅੰਕਣ ਨੰ: ਸੀਟੀਪੀ(ਪਬ)/ ਮਿਤੀ:

ਉਪਰੋਕਤ ਦਾ ਉਤਾਰਾ ਮੁੱਖ ਪ੍ਰਸਾਸ਼ਕ, ਗਮਾਡਾ, ਐਸ.ਏ.ਐਸ.ਨਗਰ ਨੂੰ ਰੀਵਾਈਜ਼ਡ ਜ਼ੋਨਿੰਗ ਪਲੈਨ Drawing No. DC/T.D.I/M.P-I/R-5, dated 04.08.2014 ਦੀ ਕਾਪੀ ਸਮੇਤ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

ਨੱਥੀ/ ਉਪਰੋਕਤ ਅਨੁਸਾਰ।

ਮੁੱਖ ਨਗਰ ਯੋਜਨਾਕਾਰ,
ਪੰਜਾਬ।

ਪਿੱਠ ਅੰਕਣ ਨੰ: ਸੀਟੀਪੀ(ਪਬ)/ ਮਿਤੀ:

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਚੇਅਰਮੈਨ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪਟਿਆਲਾ।
2) ਚੀਫ ਕਨਜ਼ਰਵੇਟਰ, ਵਣ ਵਿਭਾਗ, ਪੰਜਾਬ, ਚੰਡੀਗੜ੍ਹ।
3) ਸੀਨੀਅਰ ਨਗਰ ਯੋਜਨਾਕਾਰ, ਐਸ.ਏ.ਐਸ.ਨਗਰ ।
4) ਜ਼ਿਲਾ ਨਗਰ ਯੋਜਨਾਕਾਰ, ਐਸ.ਏ.ਐਸ.ਨਗਰ ਨੂੰ Drawing No. DC/T.D.I/M.P-I/R-5, dated 04.08.2014 ਦੀ ਕਾਪੀ ਸਮੇਤ।
5) ਸੀ ਐਫ ਆਰ ਓ ਟੀ ਨਰਸ ਦੀ ਕਾਪੀ ਸਮੇਤ।

ਮੁੱਖ ਨਗਰ ਯੋਜਨਾਕਾਰ,
ਪੰਜਾਬ।